

# ਬੱਚਿਆਂ ਵਿੱਚ ਯੂ.ਟੀ.ਆਈ. ਮਾਪਿਆਂ ਨੂੰ ਕੀ ਜਾਨਣ ਦੀ ਜ਼ਰੂਰਤ ਹੈ

Urology Care FOUNDATION™

*The Official Foundation of the American Urological Association*

## ਯੂ.ਟੀ.ਆਈ. ਕੀ ਹੈ?

ਤਕਰੀਬਨ 8 ਪ੍ਰਤੀਸ਼ਤ ਲੜਕੀਆਂ ਅਤੇ 1 - 2 ਪ੍ਰਤੀਸ਼ਤ ਲੜਕੇ 5 ਸਾਲ ਦੀ ਉਮਰ ਤੱਕ ਯੂਰੀਨਰੀ ਟ੍ਰੈਕਟ ਇਨਫੈਕਸ਼ਨ (ਯੂ.ਟੀ.ਆਈ.) ਤੋਂ ਪੀੜ੍ਹਤ ਹੁੰਦੇ ਹਨ। ਯੂ.ਟੀ. ਆਈ. ਦਾ ਮੁੱਖ ਕਾਰਨ ਬੈਕਟੀਰੀਆ ਦਾ ਯੂਰੀਨਰੀ ਟ੍ਰੈਕਟ – ਸਾਡੇ ਸਰੀਰ ਦੇ ਅੰਗ ਅਤੇ ਟਿਊਬ ਜੋ ਪਿਸ਼ਾਬ ਬਣਾਉਂਦੇ ਹਨ, ਸਟੋਰ ਕਰਦੇ ਹਨ ਅਤੇ ਬਾਹਰ ਕੱਢਦੇ ਹਨ, ਨੂੰ ਸੰਕਰਮਿਤ ਕੀਤਾ ਜਾਣਾ ਹੈ। ਯੂਰੀਨਰੀ ਟ੍ਰੈਕਟ ਵਿੱਚ, ਗੁਰਦੇ, ਯੂਰੇਟਰ, ਬਲੈਡਰ ਅਤੇ ਯੂਰੇਥਰਾ ਸ਼ਾਮਲ ਹੁੰਦੇ ਹਨ। ਆਮ ਤੌਰ ਤੇ ਪਿਸ਼ਾਬ ਵਿੱਚ ਬੈਕਟੀਰੀਆ ਨਹੀਂ ਹੁੰਦੇ। ਹਾਲਾਂਕਿ, ਉਹ ਗੁਦਾ ਦੀ ਨੇੜਲੀ ਚਮੜੀ ਤੋਂ ਪਿਸ਼ਾਬ ਨਲੀ ਵਿੱਚ ਦਾਖਲ ਹੋ ਸਕਦੇ ਹਨ। ਲੜਕਿਆਂ ਨਾਲੋਂ ਲੜਕੀਆਂ ਵਿੱਚ ਯੂ.ਟੀ.ਆਈ. ਵਧੇਰੇ ਆਮ ਹੈ। ਲੜਕੀਆਂ ਵਿੱਚ, ਯੂਰੇਥਰਾ ਗੁਦਾ ਦੇ ਨੇੜੇ ਖੁੱਲ੍ਹਦਾ ਹੈ ਅਤੇ ਯੂਰੇਥਰਾ ਦੀ ਲੰਬਾਈ ਘੱਟ ਹੁੰਦੀ ਹੈ। ਸੰਕਰਮਣ ਯੂਰੇਥਰਾ ਅਤੇ ਬਲੈਡਰ ਵਿੱਚ ਜ਼ਿਆਦਾ ਹੁੰਦੀ ਹੈ, ਜੋ ਯੂਰੀਨਰੀ ਟ੍ਰੈਕਟ ਦਾ ਹੇਠਲਾ ਹਿੱਸਾ ਹੁੰਦੇ ਹਨ। ਜਿਹੜੀ ਸੰਕਰਮਣ ਯੂਰੇਟਰਸ ਤੋਂ ਗੁਰਦਿਆਂ ਤਕ ਚਲੀ ਜਾਂਦੀ ਹੈ, ਉਹ ਵਧੇਰੇ ਗੰਭੀਰ ਹੋ ਸਕਦੀ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਸੰਕਰਮਣ ਗੁਰਦੇ ਫੇਲ੍ਹ ਕਰ ਸਕਦੀ ਹੈ।

## ਸੰਕੇਤ ਅਤੇ ਲੱਛਣ

ਯੂ.ਟੀ.ਆਈ. ਦਾ ਨਿਦਾਨ ਵੱਡਿਆਂ ਬੱਚਿਆਂ ਵਿੱਚ ਕਰਨਾ ਸੌਖਾ ਹੁੰਦਾ ਹੈ ਜਿਹੜੇ ਖੁਦ ਪਖਾਨਾ ਜਾ ਸਕਦੇ ਹਨ ਅਤੇ ਲੱਛਣਾਂ ਬਾਰੇ ਗੱਲ ਕਰ ਸਕਦੇ ਹਨ। ਯੂ.ਟੀ.ਆਈ. ਦੇ ਕੁਝ ਸੰਕੇਤ ਹਨ:

- ਪਿਸ਼ਾਬ ਕਰਨ ਵੇਲੇ ਦਰਦ, ਜਲਣ, ਜਾਂ ਕੁਝ ਲੜਨ ਵਾਲੀ ਸਨਸਨੀ
- ਪਿਸ਼ਾਬ ਆਉਣ ਦੇ ਬਿਨਾਂ ਵੀ, ਵਾਰ-ਵਾਰ ਪਿਸ਼ਾਬ ਕਰਨ ਜਾਣਾ ਜਾਂ ਪਿਸ਼ਾਬ ਆਉਣਾ ਮਹਿਸੂਸ ਹੋਣਾ
- ਬਦਬੂਦਾਰ ਪਿਸ਼ਾਬ ਆਉਣਾ ਜੋ ਗੂੜੇ ਰੰਗ ਦਾ ਹੁੰਦਾ ਹੈ ਜਾਂ ਪਿਸ਼ਾਬ ਵਿੱਚੋਂ ਖੂਨ ਆਉਣਾ
- ਬੁਖਾਰ
- ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ ਜਾਂ ਬਲੈਡਰ ਵਾਲੀ ਜਗ੍ਹਾ ਵਿੱਚ ਦਰਦ

ਬੱਚਿਆਂ ਵਿੱਚ ਬੁਖਾਰ ਯੂ.ਟੀ.ਆਈ ਦਾ ਇੱਕ ਸਪੱਸ਼ਟ ਸੰਕੇਤ ਹੋ ਸਕਦਾ ਹੈ। ਯੂ.ਟੀ. ਆਈ. ਤੋਂ ਪੀੜ੍ਹਤ ਬੱਚਿਆਂ ਵਿੱਚ ਚਿੜਚਿੜ੍ਹਾਪਣ, ਉਲਟੀਆਂ, ਅਤੇ ਘੱਟ ਖਾਣ ਵਰਗੇ ਸੰਕੇਤ ਵੇਖੇ ਜਾ ਸਕਦੇ ਹਨ। ਜੇਕਰ ਯੂ.ਟੀ.ਆਈ. ਤੋਂ ਕਿਡਨੀ ਦੀ ਸੰਕਰਮਣ ਹੋ ਜਾਵੇ, ਤਾਂ ਬੱਚੇ ਜਾਂ ਬਾਲਗ ਨੂੰ ਬੁਖਾਰ ਨਾਲ ਕੰਬਣੀ, ਪਿੱਠ ਜਾਂ ਪਾਸੇ ਵਿੱਚ ਦਰਦ ਜਾਂ ਉਲਟੀਆਂ ਦੀ ਸੰਭਾਵਨਾ ਬਣ ਜਾਂਦੀ ਹੈ।

## ਯੂਰੀਨਰੀ ਟ੍ਰੈਕਟ




## ਨਿਦਾਨ ਅਤੇ ਇਲਾਜ

ਤੁਹਾਡੇ ਬੱਚੇ ਦਾ ਸਿਹਤ ਦੇਖਭਾਲ ਪੇਸ਼ੇਵਰ ਯੂ.ਟੀ.ਆਈ. ਦੀ ਜਾਂਚ ਕਰਨ ਲਈ ਪਿਸ਼ਾਬ ਦਾ ਨਮੂਨਾ ਲਵੇਗਾ। ਵੱਡੇ ਬੱਚਿਆਂ ਨੂੰ ਅਕਸਰ ਇੱਕ ਸਟਰਾਇਲ ਕੱਪ ਵਿੱਚ ਪਿਸ਼ਾਬ ਕਰਨ ਲਈ ਕਿਹਾ ਜਾਂਦਾ ਹੈ। ਛੋਟੇ ਬੱਚੇ ਅਤੇ ਬੱਚੇ ਜਿਨ੍ਹਾਂ ਦੇ ਡਾਇਪਰ ਪਾਏ ਹੁੰਦੇ ਹਨ ਉਨ੍ਹਾਂ ਦਾ ਪਿਸ਼ਾਬ ਇਕੱਠਾ ਕਰਨ ਲਈ ਕੈਥੇਟਰ (ਟਿਊਬ) ਦੀ ਜ਼ਰੂਰਤ ਪੈ ਸਕਦੀ ਹੈ। ਕੈਥੇਟਰ ਨਮੂਨੇ ਨੂੰ ਚਮੜੀ ਉਤਲੇ ਬੈਕਟੀਰੀਆ ਦੁਆਰਾ ਦੂਸ਼ਿਤ ਹੋਣ ਤੋਂ ਬਚਾਉਂਦਾ ਹੈ। ਫਿਰ ਪਿਸ਼ਾਬ ਦੀ ਬੈਕਟੀਰੀਆ ਲਈ ਜਾਂਚ ਕੀਤੀ ਜਾਏਗੀ। ਪਾਏ ਗਏ ਬੈਕਟੀਰੀਆ ਦੀ ਕਿਸਮ ਯੂ.ਟੀ. ਆਈ. ਦੇ ਇਲਾਜ ਲਈ ਸਭ ਤੋਂ ਪ੍ਰਭਾਵੀ ਦਵਾਈ, ਆਮ ਤੌਰ ਤੇ ਐਂਟੀਬਾਇਓਟਿਕਸ ਦਾ ਫੈਸਲਾ ਕਰਨ ਵਿੱਚ ਮਦਦ ਕਰ ਸਕਦੀ ਹੈ।

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ:** 410-689-3990 • **ਫੈਕਸ:** 410-689-3878 • 1-800-828-7866 • info@UrologyCareFoundation.org • www.UrologyHealth.org

# ਬੱਚਿਆਂ ਵਿੱਚ ਯੂ.ਟੀ.ਆਈ.
## *ਮਾਪਿਆਂ ਨੂੰ ਕੀ ਜਾਨਣ ਦੀ ਜ਼ਰੂਰਤ ਹੈ*

Urology Care FOUNDATION™
*The Official Foundation of the American Urological Association*

ਤੁਹਾਡੇ ਬੱਚਿਆਂ ਲਈ ਜ਼ਰੂਰੀ ਹੈ ਕਿ ਉਹ ਸਾਰੇ ਐਂਟੀਬਾਇਓਟਿਕਸ ਲੈਂਦੇ ਰਹਿਣ, ਭਾਵੇਂ ਉਹ ਬਿਹਤਰ ਮਹਿਸੂਸ ਕਰ ਰਹੇ ਹੋਣ। ਜ਼ਿਆਦਾਤਰ ਯੂ.ਟੀ.ਆਈ. ਦਾ ਜੇਕਰ ਸਹੀ ਤਰੀਕੇ ਨਾਲ ਇਲਾਜ ਕੀਤਾ ਜਾਵੇ ਤਾਂ ਇਹ ਇਕ ਹਫਤੇ ਦੇ ਅੰਦਰ-ਅੰਦਰ ਠੀਕ ਹੋ ਜਾਂਦਾ ਹੈ। ਆਪਣੇ ਬੱਚੇ ਨੂੰ ਤਰਲ ਪਦਾਰਥ ਪੀਣ ਲਈ ਕਹੋ, ਅਤੇ ਉਸ ਦੇ ਲੱਛਣਾਂ 'ਤੇ ਨਜ਼ਰ ਰੱਖੋ। ਜੇ ਲੱਛਣ ਵਿਗੜ ਜਾਣ ਜਾਂ ਤਿੰਨ ਦਿਨਾਂ ਦੇ ਅੰਦਰ ਠੀਕ ਨਾ ਹੋਣ, ਤਾਂ ਬੱਚੇ ਨੂੰ ਹਸਪਤਾਲ ਜਾਣ ਦੀ ਜ਼ਰੂਰਤ ਪੈ ਸਕਦੀ ਹੈ। ਜੇ ਕੋਈ ਬੱਚਾ ਇੱਕ ਤੋਂ ਵੱਧ ਯੂ.ਟੀ.ਆਈ. ਨਾਲ ਪੀੜ੍ਹਤ ਹੁੰਦਾ ਹੈ, ਤਾਂ ਉਸਨੂੰ ਬਾਲ ਰੋਗਾਂ ਦੇ ਮਾਹਰ ਕੋਲ ਲਿਜਾਣਾ ਚਾਹੀਦਾ ਹੈ। ਉਹ ਯੂਰੀਨਰੀ ਟ੍ਰੈਕਟ ਵਿੱਚ ਕਿਸੇ ਵੀ ਸਮੱਸਿਆ ਦੀ ਜਾਂਚ ਕਰ ਸਕਦੇ ਹਨ। ਬੱਚਿਆਂ ਵਿੱਚ ਪਿਸ਼ਾਬ ਦਾ ਪਿਛਲੇ ਪਾਸੇ ਵੱਲ ਵਹਾਅ ਹੋਣਾ ਯੂ.ਟੀ.ਆਈ. ਦਾ ਇੱਕ ਆਮ ਕਾਰਨ ਹੈ। ਜਦੋਂ ਪਿਸ਼ਾਬ ਬਲੈਡਰ ਤੋਂ ਗੁਰਦਿਆਂ ਵੱਲ ਵਗਦਾ ਹੈ, ਤਾਂ ਇਸ ਨੂੰ ਵੇਸੀਕਉਰੇਟਰਲ ਰਿਫਲਕਸ (ਵੀ.ਯੂ.ਆਰ.) ਕਿਹਾ ਜਾਂਦਾ ਹੈ।

**1.3 ਮਿਲੀਅਨ ਤੋਂ ਵੱਧ ਬੱਚੇ ਹਰ ਸਾਲ ਯੂਰੀਨਰੀ ਟ੍ਰੈਕਟ ਇਨਫੈਕਸ਼ਨ(ਯੂ.ਟੀ.ਆਈ.) ਲਈ ਡਾਕਟਰਾਂ ਕੋਲ ਜਾਂਦੇ ਹਨ। ਯੂ.ਟੀ.ਆਈ ਸਭ ਤੋਂ ਆਮ ਯੂਰੋਲੌਜੀਕਲ ਕਾਰਨ ਹੈ ਜਿਸ ਕਾਰਨ ਬੱਚੇ ਡਾਕਟਰ ਕੋਲ ਜਾਂਦੇ ਹਨ।**

### ਰੋਕਥਾਮ

ਥੋੜ੍ਹੇ ਸਮੇਂ ਬਾਅਦ ਡਾਇਪਰ ਬਦਲਣ ਨਾਲ ਬੱਚਿਆਂ ਅਤੇ ਛੋਟੇ ਬੱਚਿਆਂ ਵਿੱਚ ਯੂ.ਟੀ.ਆਈ. ਦੀ ਰੋਕਥਾਮ ਹੋ ਸਕਦੀ ਹੈ। ਜਦੋਂ ਬੱਚੇ ਪਖਾਨਾ ਜਾਣਾ ਸ਼ੁਰੂ ਕਰਦੇ ਹਨ, ਉਨ੍ਹਾਂ ਨੂੰ ਚੰਗੀਆਂ ਆਦਤਾਂ ਸਿਖਾਉਣਾ ਜ਼ਰੂਰੀ ਹੁੰਦਾ ਹੈ। ਹਰ ਵਾਰ ਮਲ ਦੇ ਨਿਕਾਸ ਤੋਂ ਬਾਅਦ, ਲੜਕੀਆਂ ਨੂੰ ਅੱਗੇ ਤੋਂ ਪਿੱਛੇ ਵੱਲ ਸਫ਼ਾਈ ਕਰਨੀ ਚਾਹੀਦੀ ਹੈ - ਪਿੱਛੇ ਤੋਂ ਅੱਗੇ ਵੱਲ ਨਹੀਂ। ਇਹ ਕਿਟਾਣੂਆਂ ਨੂੰ ਗੁਦਾ ਤੋਂ ਯੂਰੇਥਰਾ ਵਿਚ ਫੈਲਣ ਤੋਂ ਬਚਾਉਂਦਾ ਹੈ। ਜਦੋਂ ਪਿਸ਼ਾਬ ਆਉਂਦਾ ਹੈ, ਜੇਕਰ ਬੱਚੇ ਬਾਥਰੂਮ ਜਾ ਸਕਦੇ ਹੋਣ ਤਾਂ ਉਨ੍ਹਾਂ ਨੂੰ "ਰੋਕ ਕੇ ਰੱਖਣ" ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਬਲੈਡਰ ਵਿਚ ਪਿਸ਼ਾਬ ਦਾ ਰਹਿਣਾ ਬੈਕਟੀਰੀਆ ਨੂੰ ਵਧਣ ਦਾ ਸੱਦਾ ਦਿੰਦਾ ਹੈ।

ਜੇਕਰ ਤੁਹਾਡਾ ਬੱਚਾ ਇੱਕ ਤੋਂ ਵੱਧ ਯੂ.ਟੀ.ਆਈ. ਤੋਂ ਪੀੜ੍ਹਤ ਹੈ ਜਾਂ ਤੁਹਾਨੂੰ ਕੋਈ ਸਮੱਸਿਆ ਮਹਿਸੂਸ ਹੁੰਦੀ ਹੈ ਤਾਂ ਆਪਣੇ ਖੇਤਰ ਵਿੱਚ ਬਾਲ ਮਾਹਰ ਲੱਭਣ ਲਈ **www.UrologyHealth.org/FindAUrologist** 'ਤੇ ਜਾਓ

### ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛਣ ਲਈ ਪ੍ਰਸ਼ਨ

*ਨਿਦਾਨ ਦੇ ਦੌਰਾਨ:*

- ਕੀ ਮੇਰੇ ਬੱਚੇ ਦੇ ਲੱਛਣ ਯੂਰੀਨਰੀ ਟ੍ਰੈਕਟ ਇਨਫੈਕਸ਼ਨ ਲੱਛਣਾਂ ਜਿਹੇ ਹਨ?
- ਪਿਸ਼ਾਬ ਦੇ ਨਮੂਨੇ ਨੇ ਕੀ ਦਿਖਾਇਆ?

*ਇਲਾਜ*

- ਤੁਸੀਂ ਕਿਹੜੇ ਇਲਾਜ ਦਾ ਸੁਝਾਅ ਦਿੰਦੇ ਹੋ?
- ਕੀ ਇਸ ਇਲਾਜ ਦੇ ਕੋਈ ਮਾੜੇ ਪ੍ਰਭਾਵ ਹਨ ਜਿਨ੍ਹਾਂ ਨੂੰ ਮੈਨੂੰ ਦੇਖਣਾ ਚਾਹੀਦਾ ਹੈ?
- ਕੀ ਮੇਰੇ ਬੱਚੇ ਨੂੰ ਬਿਹਤਰ ਕਰਨ ਲਈ ਮੈਂ ਕੁਝ ਹੋਰ ਕਰ ਸਕਦਾ/ਸਕਦੀ ਹਾਂ?
- ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਬੱਚੇ ਦੀ ਹਾਲਤ ਠੀਕ ਹੋ ਰਹੀ ਹੈ ਜਾਂ ਵਿਗੜ ਰਹੀ ਹੈ?
- ਮੇਰਾ ਬੱਚਾ ਕਦੋਂ ਤਕ ਠੀਕ ਹੋ ਜਾਵੇਗਾ? ਜੇਕਰ ਉਸਦੀ ਹਾਲਤ ਵਿੱਚ ਕੋਈ ਸੁਧਾਰ ਨਾ ਹੋਵੇ ਤਾਂ ਕੀ ਮੈਨੂੰ ਫਿਰ ਤੋਂ ਤੁਹਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ?

*ਭਵਿੱਖ ਵਿੱਚ ਯੂ.ਟੀ.ਆਈ. ਦੀ ਰੋਕਥਾਮ*

- ਮੇਰੇ ਬੱਚੇ ਨੂੰ ਆਮ ਤੌਰ 'ਤੇ ਕਿੰਨਾ ਪਾਣੀ ਜਾਂ ਹੋਰ ਤਰਲ ਪੀਣਾ ਚਾਹੀਦਾ ਹੈ?
- ਕੀ ਮੇਰਾ ਬੱਚਾ ਅਜੇ ਵੀ ਝੱਗ ਵਾਲੇ ਪਾਣੀ ਵਿੱਚ ਨਹਾ ਸਕਦਾ ਹੈ?
- ਕੀ ਮੇਰੇ ਬੱਚੇ ਨੂੰ ਹੋਰ ਯੂ.ਟੀ.ਆਈ. ਤੋਂ ਰੋਕਥਾਮ ਵਿੱਚ ਮਦਦ ਲਈ ਕੁਝ ਹੋਰ ਕਰ ਸਕਦੇ ਹਾਂ?
- ਕੀ ਮੈਨੂੰ ਮੇਰੇ ਬੱਚੇ ਦੇ ਯੂਰੀਨਰੀ ਟ੍ਰੈਕਟ ਦੀ ਹਾਲਤ ਜਾਨਣ ਲਈ ਕਿਸੇ ਬਾਲ ਚਿਕਿਤਸਕ ਨਾਲ ਸਲਾਹ ਕਰਨੀ ਚਾਹੀਦੀ ਹੈ?
- ਕੀ ਮੇਰੇ ਬੱਚੇ ਨੂੰ ਭਵਿੱਖ ਵਿੱਚ ਯੂ.ਟੀ.ਆਈ. ਤੋਂ ਬਚਾਅ ਲਈ ਐਂਟੀਬਾਇਓਟਿਕਸ ਲੈਣੀਆਂ ਚਾਹੀਦੀਆਂ ਹਨ?

### ਸਰੋਤ

FamilyDoctor.org

http://familydoctor.org/familydoctor/en/diseases-conditions/urinary-tract-infections.html

**ਰਾਸ਼ਟਰੀ ਕਿਡਨੀ ਅਤੇ ਯੂਰੋਲੌਜਿਕ ਰੋਗ ਕਲੀਅਰਿੰਗ ਹਾਊਸ**

https://www.niddk.nih.gov/health-information/urologic-diseases/urinary-tract-infections-in-childrenUrology Care Foundation

**UrologyHealth.org**

ਤੁਸੀਂ ਇਸ ਨੂੰ UrologyHealth.org/UTIsinChildrenFS ਤੋਂ ਆਪਣੇ ਆਪ ਡਾਊਨਲੋਡ ਅਤੇ ਪ੍ਰਿੰਟ ਕਰ ਸਕਦੇ ਹੋ। ਹੋਰ ਯੂਰੋਲੌਜਿਕ ਹਾਲਾਤਾਂ ਬਾਰੇ ਛਾਪੀਆਂ ਗਈਆਂ ਸਮੱਗਰੀਆਂ ਦੀਆਂ ਕਾਪੀਆਂ ਲਈ UrologyHealth.org/Order 'ਤੇ ਜਾਓ ਜਾਂ 800-828-7866 'ਤੇ ਕਾਲ ਕਰੋ।

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

©2014 Urology Care Foundation. All Rights Reserved.
BladderHealth-UTIChildren-FS-2014-Punjabi